# ਸ਼੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਦੇ ਗੁਰੂ ਘਰ ਵਿਚ ਇੱਕ ਵਾਰ ਫਿਰ ਸਹਿਮ ਅਤੇ ਡਰ ਵਾਲਾ ਮਾਹੌਲ ਬਣਿਆ

**☛ ਬੱਲਾਂ ਵਾਲੇ ਡੇਰੇ ਦੇ ਸ਼ਰਧਾਲੂਆਂ ਨੇ ਰਵਿਦਾਸੀ ਪੰਥ 'ਚ ਪਾਈ ਫੁੱਟ ☛ ਨਿਊਯਾਰਕ ਦੇ ਰਵਿਦਾਸ ਭਾਈਚਾਰੇ ਨੇ ਬੱਲਾਂ ਵਾਲਿਆਂ ਦੀ ਹਰਕਤ ਦਾ ਕੀਤਾ ਡਟਵਾਂ ਵਿਰੋਧ ☛ ਧੱਕੇ ਨਾਲ ਅੰਮ੍ਰਿਤ ਬਾਣੀ ਗ੍ਰੰਥ ਥਾਪਣ ਦੀ ਨਕਾਮ ਕੋਸ਼ਿਸ਼**

ਨਿਊਯਾਰਕ-ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਮੌਜੂਦਾ ਪ੍ਰਧਾਨ ਜੋ ਬੱਲਾਂ ਵਾਲੇ ਡੇਰੇ ਦੇ ਸ਼ਰਧਾਲੂ ਹਨ। ਜਿਹੜੇ ਡੇਰੇ ਨੇ ਰਵਿਦਾਸੀਆਂ ਸਮਾਜ ਉੱਤੇ ਧੱਕੇ ਨਾਲ ਆਪਣਾ ਧਾਰਮਿਕ ਗ੍ਰੰਥ ਥਾਪਣ ਦੀ ਨਾਕਾਮ ਕੋਸ਼ਿਸ ਕੀਤੀ ਸੀ। ਅੱਜ ਉਸੇ ਡੇਰੇ ਦੇ ਰੂਲ ਅਸੂਲ ਮੌਜੂਦਾ ਨਿਊਯਾਰਕ ਗੁਰੂ ਘਰ ਦਾ ਪ੍ਰਧਾਨ ਸੰਗਤਾਂ ਉੱਤੇ ਥੋਪਣਾ ਚਾਹੁੰਦਾ ਹੈ। ਜਿਸ ਨੇ ਧੱਕੇ ਨਾਲ ਗੁਰੂ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਯਾਦਾ ਦੇ ਉਲਟ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਾਲੀ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚੋਂ ਅਲੱਗ ਕਰਕੇ ਪੜ੍ਹਨ ਦਾ ਏਜੰਡਾ ਲਾਗੂ ਕਰਨ ਦੀ ਕੋਸ਼ਿਸ਼ ਕੀਤੀ, ਪਰੰਤੂ ਨਿਊਯਾਰਕ ਦੀਆਂ ਸੰਗਤਾਂ ਨੇ ਜਦੋਂ ਇਸ ਦਾ ਵਿਰੋਧ ਕੀਤਾ ਕਿ ਧੰਨ-ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਖੰਡ-ਖੰਡ ਕਰਨ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸੰਗਤਾਂ ਦੇ ਵਿਰੋਧ ਕਾਰਨ ਇਸ ਦੀ ਇਹ ਹਰਕਤ ਕਾਮਯਾਬ ਨਾ ਹੋ ਸਕੀ।

ਫਿਰ ਇਸ ਨੇ 29 ਜਨਵਰੀ 2010 ਨੂੰ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਸੰਬੰਧੀ ਚੱਲ ਰਹੇ ਲੜੀਵਾਰ ਅਖੰਡ ਪਾਠ ਵਿੱਚ ਗੁਰੂ ਰਵਿਦਾਸ ਜੀ ਦੇ ਸ਼ਬਦ 'ਨਾਮ ਤੇਰੋ ਆਰਤੀ, ਮਜਨ ਮੁਰਾਰੇ ਹਰਿ ਕੇ ਨਾਮ ਬਿਨ ਝੂਠੇ ਸਗਲ ਪਸਾਰੇ' ਸ਼ਬਦ ਗਾਇਆ ਹੋ ਰਿਹਾ ਸੀ, ਤਦ ਕੁਝ ਔਰਤਾਂ ਅਤੇ ਮਰਦਾਂ ਕੋਲੋਂ ਗੁਰੂ ਗ੍ਰੰਥ ਜੀ ਵੱਲ ਪਿੱਠ ਕਰਕੇ ਫੋਟੋ ਦੁਆਲੇ ਦੇਸੀ ਘਿਓ ਦੇ ਦੀਵੇ ਘੁਮਾਏ ਗਏ। ਫਿਰ ਓਹੀ ਦੀਵੇ ਸੰਗਤਾਂ ਵਿੱਚ ਘੁਮਾਏ ਗਏ, ਭਾਵ ਹਿੰਦੂ ਕਰਮ ਕਾਂਡ ਕੀਤਾ ਗਿਆ।

ਹੁਣ ਸਵਾਲ ਇਹ ਉੱਠਦਾ ਹੈ ਕਿ ਜਿਸ ਸ਼ਬਦ ਦਾ ਹੋ ਰਹੇ ਗਾਇਨ ਵਿੱਚ ਇਹ ਦੀਵੇ ਘੁਮਾਏ ਗਏ, ਉਸੇ ਹੀ ਸ਼ਬਦ ਦੇ ਅਗਰ ਅਰਥ ਕਰੀਏ, ਤਾਂ ਇਸ ਸ਼ਬਦ ਵਿੱਚ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਇਹ ਦੁਨੀਆਂ ਦੇ ਜਿੰਨੇ ਵੀ ਪਦਾਰਥ ਹਨ, ਭਾਵ ਘਿਓ, ਦੁੱਧ, ਪਾਣੀ, ਧੂਫ਼ ਸਭ ਝੂਠੇ ਅਤੇ ਜੂਠੇ ਹਨ। ਪਰਮਾਤਮਾ ਅਤੇ ਵਾਹਿਗੁਰੂ ਜੀ ਦਾ ਨਾਮ ਜੱਪਣ ਲਈ ਸੱਚਾ ਮਨ ਅਰਪਣ ਕਰਨਾ ਹੀ ਸੱਚੀ ਭਗਤੀ ਹੈ।

ਇਸੇ ਤਰ੍ਹਾਂ ਸਿੱਖ ਧਰਮ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਦੀਵੇ ਜਗਾਉਣ ਦੀ ਮਨਾਹੀ ਹੈ। ਇਹ ਹਿੰਦੂ ਕਰਮਕਾਂਡ ਗੁਰੂ ਰਵਿਦਾਸ ਜੀ ਦੀ ਮਰਿਯਾਦਾ ਦੇ ਉਲਟ ਹੈ। ਪਰੰਤੂ ਸਾਧ ਸੰਗਤ ਜੀ ਸਭ ਤੋਂ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਗਰ ਪੰਡਾਲ ਵਿੱਚ ਦੀਵੇ ਘੁੰਮਾਉਂਦਿਆਂ ਸਮੇਂ ਕਿਸੇ ਦਾ ਹੱਥ ਥਾਲੀ ਵਿੱਚ ਵੱਜ ਕੇ ਜਗਦੇ ਦੀਵੇ ਥੱਲੇ ਡਿੱਗ ਪੈਂਦੇ, ਪੰਡਾਲ ਵਿੱਚ ਵਿਛੇ ਹੋਏ ਕੀਮਤੀ ਕਾਰਪੇਟ ਨੂੰ ਅੱਗ ਪੈਣ ਦਾ ਡਰ ਸੀ। ਅਗਰ ਜਲਦਾ-ਜਲਦਾ ਘਿਓ ਕਿਸੇ ਉੱਪਰ ਡਿੱਗ ਪੈਂਦਾ ਤਾਂ ਹਾਲ ਵਿੱਚ ਬੈਠੀ ਸੰਗਤ ਅੰਦਰ ਭਗਦੜ ਮਚ ਸਕਦੀ ਸੀ। ਭਾਵ ਇਹਨਾਂ ਦੀ ਇਹ ਹਰਕਤ ਸੰਗਤਾਂ ਲਈ ਬਹੁਤ ਵੱਡਾ ਖਤਰਾ ਪੈਦਾ ਕਰ ਸਕਦੀ ਸੀ।

ਫਿਰ ਜਦੋਂ ਇਹਨਾਂ ਨੂੰ ਸੰਗਤਾਂ ਵਿੱਚੋਂ ਇੱਕ ਗੁਰਸਿੱਖ ਨਿਰਮਲਜੀਤ ਪਾਲ ਸਿੰਘ ਖ਼ਾਲਸਾ ਨੇ ਇਹ ਹਰਕਤ ਕਰਨ ਤੋਂ ਰੋਕਿਆ ਤਦ ਜਾ ਕੇ ਰੁਕੇ। ਉਸ ਤੋਂ ਬਾਅਦ ਮੌਜੂਦਾ ਪ੍ਰਧਾਨ ਜੀ ਨੇ ਬੱਲਾਂ ਵਾਲੇ ਡੇਰੇ ਦਾ ਨਿਸ਼ਾਨ ਹਰਿ ਚਾਰ ਚੁਫੇਰੇ ਬੈਨਰ ਬਣਾ ਕੇ ਉਸ ਉੱਤੇ ਲਗਵਾ ਦਿੱਤਾ, ਜਦੋਂ ਕਿ ਮਾਣਯੋਗ ਅਦਾਲਤ ਵੱਲੋਂ ਇਸ ਗੁਰੂ ਘਰ ਦੇ ਸੰਵਿਧਾਨ ਮੁਤਾਬਕ ਸੋਹੰ ਸ਼ਬਦ ਲਗਾਉਣ ਦਾ ਫੈਸਲਾ ਦਿੱਤਾ ਹੋਇਆ ਹੈ, ਪਰੰਤੂ ਇਹ ਪ੍ਰਧਾਨ ਸ਼ਰੇਆਮ ਗੁਰੂ ਘਰ ਦੇ ਸੰਵਿਧਾਨ ਅਤੇ ਮਾਣਯੋਗ ਅਦਾਲਤ ਦੇ ਹੁਕਮਾਂ ਦੀਆਂ ਧੱਜੀਆਂ ਉਡਾ ਰਿਹਾ ਹੈ।

ਫਿਰ ਇਹਨਾਂ ਦੇ ਸੈਕਟਰੀ ਨੇ ਸਟੇਜ ਤੋਂ ਅਨਾਊਂਸ ਕਰਨਾ ਸ਼ੁਰੂ ਕੀਤਾ ਕਿ ਅਗਰ ਸਾਨੂੰ ਹਿੰਦੋਸਤਾਨ ਵਿੱਚੋਂ ਸਾਧੂ ਸੰਪਰਦਾਇ ਦਾ ਹੁਕਮ ਆਇਆ ਕਿ ਇੱਥੇ ਮੂਰਤੀ ਰੱਖਣੀ ਹੈ ਜਾਂ ਕੋਈ ਹੋਰ ਗ੍ਰੰਥ ਰੱਖਣਾ ਹੈ ਤਾਂ ਅਸੀਂ ਉਹ ਵੀ ਕਰਾਂਗੇ। ਸਾਧ ਸੰਗਤ ਜੀ ਸਵਾਲ ਇੱਥੇ ਇਹ ਪੈਦਾ ਹੁੰਦਾ ਹੈ ਕਿ ਇਹ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦਾ ਇਹ ਗੁਰੂ ਘਰ ਨਿਊਯਾਰਕ ਦੀ ਸੰਗਤ ਦੀ ਹੱਕ ਹਲਾਲ ਦੀ ਕਮਾਈ ਨਾਲ ਬਣਿਆ ਹੈ, ਨਾ ਕਿ ਕਿਸੇ ਸਾਧ ਵੱਲੋਂ ਇਕੱਠੀ ਕੀਤੀ ਮਾਇਆ ਨਾਲ।

ਇਹ ਗੁਰੂ ਘਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਥੱਲੇ ਬਣਿਆ ਹੈ, ਕਿਉਂਕਿ ਇਸ ਗੁਰੂ ਗ੍ਰੰਥ ਸਾਹਿਬ ਜੀ ਕਰਕੇ ਹੀ ਸਾਨੂੰ ਰਵਿਦਾਸ ਜੀ ਬਾਰੇ ਜਾਣਕਾਰੀ ਮਿਲੀ ਸੀ।

ਉਸ ਤੋਂ ਬਾਅਦ ਮੌਜੂਦਾ ਪ੍ਰਧਾਨ ਬਲਵੀਰ ਚੰਦ ਜੀ ਨੇ ਗੁਰੂ ਘਰ ਵਿੱਚ ਇੱਕ ਨਵਾਂ ਨਾਹਰਾ ਲਾਉਣਾ ਸ਼ੁਰੂ ਕੀਤਾ। ਇਹ ਹੈ ਜੈ ਗੁਰਦੇਵ ਧੰਨ ਗੁਰਦੇਵ, ਜਿਸ ਦਾ ਅਰਥ ਹੈ ਦੇਵ ਭਾਵ ਦੇਵਤਿਆਂ ਦੀ ਜੈ। ਦੇਵਤੇ ਭਾਵ ਬ੍ਰਾਹਮਣ ਭਾਵ ਹਿੰਦੂ ਜਿਹਨਾਂ ਨੇ ਸਾਡੇ ਬਜ਼ੁਰਗਾਂ ਤੋਂ ਧੋਖੇ ਅਤੇ ਛਲ-ਕਪਟ ਨਾਲ ਰਾਜ-ਭਾਗ ਖੋਹਿਆ। ਫਿਰ ਸਾਡੇ ਅੰਦਰ ਜਾਤ-ਪਾਤ ਪੈਦਾ ਕਰਕੇ ਸਾਨੂੰ ਗੁਲਾਮ ਬਣਾਇਆ।

ਸਾਡੀ ਹਾਲਤ ਜਾਨਵਰਾਂ ਨਾਲੋਂ ਵੀ ਭੈੜੀ ਕਰ ਦਿੱਤੀ। ਅੱਜ ਸਾਨੂੰ ਇਹ ਬਲਵੀਰ ਚੰਦ ਉਹਨਾਂ ਦੇਵਤਿਆਂ ਦੀ ਜੈ ਕਰਨ ਲਈ ਕਹਿੰਦਾ ਹੈ। ਜਿਹਨਾਂ ਦੇਵਤਿਆਂ ਦੇ ਖਿਲਾਫ ਗੁਰੂ ਨਾਮਦੇਵ, ਗੁਰੂ ਕਬੀਰ ਜੀ, ਗੁਰੂ ਰਵਿਦਾਸ ਜੀ, ਗੁਰੂ ਸਦਨਾ ਜੀ, ਗੁਰੂ ਸੈਨ ਜੀ ਤੋਂ ਸ਼ੁਰੂ ਹੋ ਕੇ ਫਿਰ ਲੜੀਵਾਰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਜਿਹਨਾਂ ਨੇ ਆਪਣਾ ਸਾਰਾ ਸਰਬੰਸ ਵਾਰ ਦਿੱਤਾ। ਫਿਰ ਬਾਬਾ ਬੰਦਾ ਸਿੰਘ ਬਹਾਦਰ ਜੀ ਤੋਂ ਚੱਲਦੀ ਹੋਈ ਲਹਿਰ ਮਹਾਤਮਾ ਜੋਤਿਬਾ ਫੂਲੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਤੱਕ ਚੱਲੀ ਸੰਘਰਸ਼ ਦੀ ਇਸ ਲਹਿਰ ਨੇ ਇਹਨਾਂ ਦੇਵਤਿਆਂ ਤੋਂ ਸਾਨੂੰ ਅਜ਼ਾਦ ਕਰਵਾਇਆ। ਅੱਜ ਜਦੋਂ ਅਸੀਂ ਅਜ਼ਾਦੀ ਦਾ ਅਨੰਦ ਮਾਨਣ ਲੱਗੇ, ਤਾਂ ਬਲਵੀਰ ਚੰਦ ਵਰਗੇ ਦੇਵਤਿਆਂ ਦੀ ਗੁਲਾਮੀ ਦਾ ਸੰਗਲ ਸਾਡੇ ਸਮਾਜ ਉੱਤੇ ਸੁੱਟਣ ਲਈ ਉਤਾਵਲੇ ਹੋਏ ਫਿਰਦੇ ਹਨ।

ਫਿਰ ਸੱਤ ਫਰਵਰੀ ਦਿਨ ਐਤਵਾਰ 2010 ਨੂੰ ਮੌਜੂਦਾ ਪ੍ਰਧਾਨ ਬਲਵੀਰ ਚੰਦ ਗੁਰੂ ਘਰ ਦੀ ਸਟੇਜ ਉੱਤੇ ਜ਼ਹਿਰੀਲਾ ਭਾਸ਼ਣ ਦੇ ਕੇ ਅੱਗ ਉਗਲ ਕੇ ਆਪ 14 ਫਰਵਰੀ ਦਿਨ ਐਤਵਾਰ 2010 ਨੂੰ ਟੋਰਾਂਟੋ ਕੈਨੇਡਾ ਪਹੁੰਚ ਗਿਆ। ਜਿੱਥੇ ਗੁਰੂ ਘਰ ਵਿੱਚੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੁੱਕਿਆ ਗਿਆ ਅਤੇ ਜਿੱਥੇ ਬੱਲਾਂ ਵਾਲੇ ਡੇਰੇ ਦਾ ਮਨਘੜਤ ਮਿਥਿਹਾਸਕ ਗ੍ਰੰਥ ਰੱਖਿਆ ਗਿਆ।

ਪਰੰਤੂ ਨਿਊਯਾਰਕ ਗੁਰੂ ਘਰ ਵਿੱਚ ਜਦੋਂ ਸੰਗਤ ਕਮੇਟੀ ਤੋਂ ਪਿਛਲੇ ਐਤਵਾਰ ਦੀ ਉਗਲੀ ਹੋਈ ਜ਼ਹਿਰ ਦਾ ਸਪੱਸ਼ਟੀਕਰਨ ਮੰਗਣ ਲੱਗੀ, ਤਾਂ ਇਸ ਦੇ ਭਾਈਵਾਲ ਕਮੇਟੀ ਦੇ ਮੈਂਬਰ ਨੇ ਨਿਹੱਥੀ ਸ਼ਰੀਫ਼ ਸੰਗਤਾਂ ਉੱਤੇ ਹਮਲਾ ਕਰਵਾ ਦਿੱਤਾ, ਜਿਸ ਦੀ ਅਗਵਾਈ ਪਰਮਜੀਤ ਸਿੰਘ ਕਰ ਰਿਹਾ ਸੀ। ਇਸ ਲੜਾਈ ਵਿੱਚ ਦੋ ਵਿਅਕਤੀ ਜ਼ਖ਼ਮੀ ਹੋਏ ਅਤੇ ਹਸਪਤਾਲ ਪਹੁੰਚੇ।

ਹੁਣ ਬਲਵੀਰ ਚੰਦ ਨੇ ਕੈਨੇਡਾ ਤੋਂ ਆ ਕੇ ਉਹਨਾਂ ਛੇ ਵਿਅਕਤੀਆਂ ਦੇ ਖਿਲਾਫ਼ ਕੇਸ ਦਰਜ ਕਰਵਾਏ, ਜਿਹਨਾਂ ਵਿਚਾਰਿਆਂ ਕੋਲ ਪੇਪਰ ਵੀ ਨਹੀਂ ਹਨ। ਹੁਣ ਉਹਨਾਂ ਨੂੰ ਡਿਪੋਰਟ ਕਰਾਉਣ ਦੇ ਚੱਕਰ ਵਿੱਚ ਹੈ। ਸਾਧ ਸੰਗਤ ਜੀ ਇਨਸਾਨ ਕਿਸ ਹੱਦ ਤੱਕ ਡਿੱਗ ਸਕਦਾ ਹੈ, ਉਹ ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ। ਫਿਰ ਅੱਜ 21-02-2010 ਦਿਨ ਐਤਵਾਰ ਨੂੰ ਚੱਲ ਰਹੇ ਦੀਵਾਨ ਵਿੱਚ ਭੜਕਾਹਟ ਪੈਦਾ ਕਰਨ ਲਈ ਆਪਣੇ ਇੱਕ ਸਾਥੀ ਬਲਵੀਰ ਚੌਹਾਨ ਤੋਂ ਸਟੇਜ ਉੱਤੇ ਐਸੀ ਘਟੀਆ ਮਿਆਰ ਵਾਲੀ ਸ਼ਬਦਾਵਲੀ ਬੁਲਾਈ ਕਿ ਸੁਣਨ ਵਾਲਾ ਹਰ ਇਨਸਾਨ ਸ਼ਰਮਸਾਰ ਹੁੰਦਾ ਸੀ। ਸ੍ਰੀਮਾਨ ਚੌਹਾਨ ਨੇ ਵਿਰੋਧੀ ਧਿਰ ਨੂੰ ਚੋਰ ਗਰਦਾਨਦਿਆਂ ਉਹਨਾਂ ਦੀਆਂ ਉਂਗਲਾਂ ਵੱਢਣ ਤੱਕ ਵੀ ਆ ਗਿਆ।

ਕਮੇਟੀ ਕੱਲ ਕੰਸਟਰੱਕਸ਼ਨ ਦੇ ਪਰਮਿਟ ਦੀ ਮਿਆਦ ਖਤਮ ਹੋਣ ਕਾਰਨ ਜਿਹੜੀ ਇਹਨਾਂ ਨੂੰ ਵਾਇਲੇਸ਼ਨ ਲੱਗੀ ਉਹ ਵੀ ਵਿਰੋਧੀ ਧਿਰ ਸਿਰ ਜੜ੍ਹ ਦਿੱਤੀ ਕਿ ਇਹਨਾਂ ਨੇ ਲਗਵਾਈ ਹੈ। ਉਸ ਤੋਂ ਬਾਅਦ ਇਕ ਗੁਰਸਿੱਖ ਨਿਰਮਲਜੀਤ ਪਾਲ ਸਿੰਘ ਖਾਲਸਾ ਜੋ ਕਿ ਦਸਤਾਰ ਸਜਾ ਕੇ ਆਉਂਦਾ ਹੈ, ਉਸ ਦੀ ਪੱਗ ਅਤੇ ਪੱਗ ਉੱਤੇ ਲੱਗੇ ਖੰਡੇ ਉੱਤੇ ਬੜੀਆਂ ਇਤਰਾਜ਼ਯੋਗ ਟਿੱਪਣੀਆਂ ਸਟੇਜ 'ਤੇ ਕਰਦਾ ਰਿਹਾ।

ਪਰੰਤੂ ਸੰਗਤਾਂ ਵਿਚੋਂ ਕੋਈ ਵੀ ਨਾ ਬੋਲਿਆ, ਸਗੋਂ ਸੰਗਤਾਂ ਹਾਲ ਵਿੱਚੋਂ ਬਾਹਰ ਆ ਗਈਆਂ। ਆਪਣੇ ਕਿਰਾਏ ਉੱਤੇ ਮੰਗਵਾਏ ਸਕਿਊਰਿਟੀ ਦੇ ਬੰਦਿਆਂ ਦੇ ਸਹਾਰੇ ਇਹ ਵਿਰੋਧੀ ਧਿਰ ਨੂੰ ਜ਼ਲੀਲ ਕਰਦੇ ਰਹੇ।

ਅਸਲ ਵਿੱਚ ਇਹ ਭੜਕਾਹਟ ਪੈਦਾ ਕਰਕੇ ਲੋਕਾਂ ਨੂੰ ਲੜਾਉਣਾ ਚਾਹੁੰਦੇ ਸੀ ਤਾਂ ਕਿ ਹੋਰਨਾਂ ਬੰਦਿਆਂ ਉੱਤੇ ਪੁਲੀਸ ਕੇਸ ਬਣਵਾਏ ਜਾਣ, ਜਿਹੜੇ ਟੈਕਸੀ ਚਲਾਉਂਦੇ ਹਨ। ਉਹਨਾਂ ਦੇ ਲਾਇਸੈਂਸ ਸਸਪੈਂਡ ਕਰਵਾਏ ਜਾਣ।

ਕੀ ਸੰਗਤ ਮੂਕ ਦਰਸ਼ਕ ਬਣ ਕੇ ਦੇਖਦੀ ਰਹੇਗੀ? ਅਗਰ ਇਹਨਾਂ ਨਾ ਰੋਕਿਆ ਗਿਆ, ਤਾਂ ਇਕ ਦਿਨ ਇਹ ਗੁਰੂ ਘਰ ਜੰਗ ਦਾ ਅਖਾੜਾ ਬਣ ਸਕਦਾ ਹੈ। ਆਓ ਇਕੱਠੇ ਹੋ ਕੇ ਇਸ ਗੁਰੂ ਘਰ ਨੂੰ ਬਚਾਈਏ ਅਤੇ ਇਸ ਗੁਰੂ ਘਰ ਵਿੱਚ ਹੋ ਰਹੇ ਨਿੱਤ ਦੇ ਲੜਾਈ ਝਗੜਿਆਂ ਨੂੰ ਰੋਕੀਏ।

*ਕੁਲਵਿੰਦਰ ਸਿੰਘ*




## ਕਿਰਤ ਤੇ ਕਲਾ ਦਾ ਸੁਮੇਲ



ਕੰਮ ਕਰਨਾ, ਪੈਸੇ ਕਮਾਉਣੇ, ਹਰ ਕੋਈ ਇਸ ਬਾਰੇ ਸੋਚਦਾ ਰਹਿੰਦਾ ਹੈ ਜਾਂ ਇਸ ਲਈ ਕੁਝ ਨਾ ਕੁਝ ਕਰਦਾ ਰਹਿੰਦਾ ਹੈ। ਅਕਸਰ ਅਸੀਂ ਆਲੇ ਦੁਆਲੇ ਕਿਸੇ ਕਾਮਯਾਬ ਵਪਾਰ ਨੂੰ ਦੇਖ ਕਿ, ਉਹੀ ਵਪਾਰ ਆਪ ਕਰਨ ਲੱਗ ਪੈਂਦੇ ਹਾਂ। ਫੇਰ ਉਸ ਵਿਚ ਹੀ ਫਸ ਕਿ ਰਹਿ ਜਾਂਦੇ ਹਾਂ। ਖੇਤੀਬਾੜੀ ਵਿਚ ਵੀ ਪਨੀਰੀ ਲਾਉਣੀ ਤੇ ਵੇਚਣੀ ਇਕ ਵੱਡਾ ਵਪਾਰ ਹੈ। ਕਈ ਇਲਾਕਿਆਂ ਵਿਚ ਇਹ ਕੰਮ ਵੱਡੀ ਪੱਧਰ ਤੇ ਹੁੰਦਾ ਹੈ। ਮਸਲਨ ਮਲੇਰਕੋਟਲੇ ਦੀ ਪਨੀਰੀ ਮਸ਼ਹੂਰ ਹੈ। ਇਸੇ ਤਰ੍ਹਾਂ ਲੁਧਿਆਣੇ ਲਾਗਲੇ ਪਿੰਡ ਹਸਨਪੁਰ ਵਿਚ ਪਿਆਜ਼ਾਂ ਦੀ ਪਨੀਰੀ ਦਾ ਕੰਮ ਵੱਡੇ ਪੱਧਰ ਤੇ ਹੁੰਦਾ ਹੈ। ਹੁਣ ਇਸੇ ਪਿੰਡ ਦੇ ਇੱਕ ਨੌਜੁਆਨ ਬਿੱਟੂ ਹਸਨਪੁਰੀ ਨੇ ਇਕ ਨਵਾਂ ਤਜ਼ਰਬਾ ਕੀਤਾ ਹੈ। ਉਸਨੇ ਵਧੀਆ ਖਾਦ ਵਾਲੀ ਮਿੱਟੀ ਤਿਆਰ ਕਰਕੇ ਆਪਣੇ ਹੱਥੀਂ ਗਿਲਾਸਾਂ ਵਿਚ ਸਬਜ਼ੀਆਂ ਦੇ ਬੀਜ ਲਾਕੇ ਪਨੀਰੀ ਤਿਆਰ ਕੀਤੀ ਹੈ। ਅੱਜ ਮਹਿੰਗੀਆਂ ਸਬਜ਼ੀਆਂ ਦੇ ਯੁੱਗ ਵਿਚ ਇਹ ਘਰਾਂ ਵਿਚ ਛੋਟੀ ਬਗੀਚੀ ਲਈ ਬਹੁਤ ਕਾਮਯਾਬ ਤਜ਼ਰਬਾ ਹੋ ਨਿਕਲਿਆ ਹੈ। ਖੇਤੀਬਾੜੀ ਤੋਂ ਅਨਜਾਣ ਸ਼ਹਿਰੀ ਲੋਕ, ਇਸ ਤੋਂ ਬਹੁਤ ਫਾਇਦਾ ਲੈ ਰਹੇ ਹਨ। ਲੌਕੀ, ਕੱਦੂ ਜਾਤੀ, ਖਰਬੂਜੇ, ਖੀਰੇ, ਮਿਰਚਾਂ ਆਦਿ ਹਰ ਘਰ ਵਿਚ ਹੁਣ ਅਰਾਮ ਨਾਲ ਪੈਦਾ ਕੀਤੇ ਜਾ ਸਕਦੇ ਹਨ। ਬਿੱਟੂ ਦਾ ਇਹ ਉੱਦਮ ਸ਼ਲਾਘਾਯੋਗ ਇਸ ਲਈ ਵੀ ਹੈ ਕਿ ਥੋੜ੍ਹੀ ਜ਼ਮੀਨ ਵਾਲੇ ਨੌਜਵਾਨ ਵੀ ਇਹ ਕੰਮ ਅਸਾਨੀ ਨਾਲ ਘੱਟ ਪੈਸੇ ਲਾਕੇ ਕਰ ਸਕਦੇ ਹਨ ਤੇ ਆਪਣੀ ਦਿਹਾੜੀ ਪਾ ਸਕਦੇ ਹਨ। ਪਰ ਸ਼ਰਤ ਇੱਕੋ ਹੈ ਕਿ ਇਸਦਾ ਫਾਇਦਾ ਹੱਥੀਂ ਕੰਮ ਕਰਨ ਵਾਲਿਆਂ ਨੂੰ ਹੀ ਹੋਣਾ ਹੈ।